بِسْمِ اللّٰهِ الرَّحْمٰنِ الرَّحِيْمِ     نَحْمَدُهٗ وَنُصَلِّيْ عَلٰى رَسُوْلِهِ الْكَرِيْمِ     وَعَلٰى عَبْدِهِ الْمَسِيْحِ الْمَوْعُوْد

لَا اِلٰهَ اِلَّا اللّٰهُ مُحَمَّدٌ رَّسُوْلُ اللّٰهِ

دفتر مجلس انصاراللہ بھارت

Office Of The Majlis Ansarullah Bharat

Mohallah Ahmadiyya Qadian-143516, Distt.Gurdaspur (Punjab) INDIA

Mob:9682536974, E-Mail.: ansarullah@qadian.in     ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ) ਭਾਰਤ

# ਕੁਰਬਾਨੀ ਦੀ ਰੂਹ ਦੇ ਪਿੱਛੇ ਅਸਲ ਚੀਜ਼ ਰੱਬ ਦੀ ਰਜ਼ਾ ਚਾਹੁਣਾ ਅਤੇ ਸੰਜਮਤਾ ਹੈ ਜੋ ਸਾਡੀ ਹਰ ਕਿਸਮ ਦੀ ਕੁਰਬਾਨੀ ਵਿੱਚ ਕੰਮ ਆਏਗੀ

**ਸੰਖੇਪ ਵਿਵਰਨ ਖ਼ੁਤਬਾ ਈਦ-ਉੱਲ-ਫ਼ਿਤਰ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁੱਲ ਮਸੀਹ ਅਲ-ਖਾਮਿਸ ਅੱਯਾਦਹੁੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 29 ਜੂਨ 2023 ਮਸਜਿਦ ਮੁਬਾਰਕ, ਇਸਲਾਮਾਬਾਦ, ਤਿਲਫ਼ੋਰਡ (ਯੂ.ਕੇ)**

أَشْهَدُ أَنْ لَّا إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ۔ بِسْمِ اللّٰهِ الرَّحْمٰنِ الرَّحِيْمِ۔ اَلْحَمْدُ لِلّٰهِ رَبِّ الْعٰلَمِيْنَ۔ الرَّحْمٰنِ الرَّحِيْمِ۔ مٰلِكِ يَوْمِ الدِّيْنِ۔ اِيَّاكَ نَعْبُدُ وَاِيَّاكَ نَسْتَعِيْنُ۔ اِهْدِنَا الصِّرَاطَ الْمُسْتَقِيْمَ۔ صِرَاطَ الَّذِيْنَ اَنْعَمْتَ عَلَيْهِمْ۔ غَيْرِ الْمَغْضُوْبِ عَلَيْهِمْ وَلَا الضَّآلِّيْنَ •

لَنْ يَّنَالَ اللّٰهَ لُحُوْمُهَا وَلَا دِمَآؤُهَا وَلٰكِنْ يَّنَالُهُ التَّقْوٰى مِنْكُمْ كَذٰلِكَ سَخَّرَهَا لَكُمْ لِتُكَبِّرُوا اللّٰهَ عَلٰى مَا هَدٰىكُمْ وَبَشِّرِ الْمُحْسِنِيْنَ •

ਤਸ਼ੱਹੁਦ, ਤਾਊਜ਼, ਸੂਰਤੁੱਲ ਫ਼ਾਤਿਹਾ ਅਤੇ ਸੂਰਤੁਲ ਹੱਜ ਦੀ ਆਇਤ 38 ਦੀ ਤਿਲਾਵਤ ਮਗਰੋਂ ਹਜ਼ੂਰੇ ਅਨਵਰ ਨੇ ਉਸ ਦਾ ਅਨੁਵਾਦ ਪੇਸ਼ ਕਰਦੇ ਹੋਏ ਫ਼ਰਮਾਇਆ : ਰੱਬ ਤੱਕ ਨ ਤੁਹਾਡਾ ਮਾਸ ਪੁੱਜਦਾ ਹੈ ਅਤੇ ਨ ਲਹੂ। ਪਰ ਤੁਹਾਡੇ ਮਨ ਦੀ ਸੰਜਮਤਾ ਪੁੱਜਦੀ ਹੈ। ਇਸ ਤਰ੍ਹਾਂ ਰੱਬ ਨੇ ਇਹਨਾਂ ਕੁਰਬਾਨੀਆਂ ਨੂੰ ਤੁਹਾਡੀ ਸੇਵਾ ਵਿੱਚ ਲਾ ਦਿੱਤਾ ਸੀ ਤਾਂ ਜੁ ਤੁਸੀਂ ਰੱਬ ਦੇ ਸੁਮਾਰਗ ਦੁਆਰਾ ਉਸ ਦੀ ਵਡਿਆਈ ਵਰਨਣ ਕਰਦੇ ਰਹੋ, ਅਤੇ ਤੂੰ ਇਸਲਾਮ ਦੇ ਸਾਰੇ ਹੁਕਮਾਂ ਉੱਤੇ ਅਮਲ ਕਰਨ ਵਾਲਿਆਂ ਨੂੰ ਖੁਸ਼ਖਬਰੀ ਸੁਣਾ ਦੇ।

ਅੱਜ ਈਦ-ਉੱਲ-ਅਜ਼ਹਿਆ ਹੈ। ਇਸ ਦਾ ਨਾਂ ਕੁਰਬਾਨੀ ਦੀ ਈਦ ਵੀ ਹੈ। ਅਹਮਦੀਆਂ ਨੂੰ ਰੱਬ ਦੀ ਮਿਹਰ ਨਾਲ ਮਾਲੀ ਕੁਰਬਾਨੀਆਂ ਕਰਨ ਦੀ ਤਾਂ ਆਦਤ ਹੈ। ਸਗੋਂ ਇਸ ਜ਼ਮਾਨੇ ਵਿੱਚ ਖਾਲਸ ਹੋ ਕੇ ਰੱਬ ਲਈ ਜਾਨ ਦੀ ਕੁਰਬਾਨੀ ਦੇਣ ਦੀ ਜਿੰਨ੍ਹੀ ਸਮਝ ਅਹਮਦੀਆਂ ਨੂੰ ਹੈ। ਕਿਸੇ ਹੋਰ ਨੂੰ ਸ਼ਾਇਦ ਹੀ ਹੋਵੇ। ਇਸ ਲਈ ਭੇਡੂ, ਬਕਰੀਆਂ, ਗਾਵਾਂ ਆਦਿ ਉੱਤੇ ਰੱਬ ਦੇ ਆਦੇਸ਼ ਅਨੁਸਾਰ ਅਤੇ ਆਂਹਜ਼ਰਤ ਸੱਲਲਾਹੁ ਅਲੈਹਿ ਵਸਲਮ ਦੀ ਸੁੰਨਤ ਅਨੁਸਾਰ ਖਰਚ ਕਰਨ ਤਾਂ ਅਹਮਦੀਆਂ ਲਈ ਇੱਕ ਅਜਿਹੀ ਖੁਸ਼ੀ ਦੀ ਗੱਲ੍ਹ ਹੈ। ਜਿਸ ਦਾ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ ਅਤੇ ਜੋ ਇਹ ਕੁਰਬਾਨੀ ਨਹੀਂ ਕਰ ਸਕਦੇ, ਉਹਨਾਂ ਦੇ ਜਜ਼ਬੇ ਕੀ ਹੁੰਦੇ ਹਨ। ਇਸ ਦਾ ਅੰਦਾਜ਼ਾ ਲਾਉਣਾ ਵੀ ਮੁਸ਼ਕਿਲ ਹੈ। ਪਰ ਅਹਮਦੀਆਂ ਨੂੰ ਇਹਨਾਂ ਦਿਨਾਂ ਵਿੱਚ ਜਿੱਥੇ ਆਪਣੇ ਜਜ਼ਬਾਤ ਕੁਰਬਾਨ ਕਰਨੇ ਪੈਂਦੇ ਹਨ ਅਤੇ ਜਜ਼ਬਾਤ ਦੀ ਕੁਰਬਾਨੀ ਮਾਮੂਲੀ ਚੀਜ਼ ਨਹੀਂ ਹੈ। ਉੱਥੇ ਜਜ਼ਬਾਤ ਨੂੰ ਰੱਬ ਦੇ ਹਜ਼ੂਰ ਦੁਆਵਾਂ ਵਿੱਚ ਢਾਲਣ ਦੀ ਕੋਸ਼ਿਸ਼ ਕਰੋ, ਦੁਆਵਾਂ ਵਿੱਚ ਬਹੁਤ ਤਾਕਤ ਹੈ। ਹਜ਼ਰਤ ਹਾਜਰਾ ਅਲੈਹਾ ਸਲਾਮ ਅਤੇ ਹਜ਼ਰਤ ਇਸਮਾਈਲ ਅਲੈਹਿ ਸਲਾਮ ਦੀਆਂ ਦੁਆਵਾਂ ਅਤੇ ਬੇਚੈਨੀ ਅਤੇ ਰੱਬ ਉੱਤੇ ਵਿਸ਼ਵਾਸ ਹੀ ਸੀ। ਜਿਸ ਨੇ ਪਾਣੀ ਦਾ ਚਸ਼ਮਾ ਬਹਾ ਦਿੱਤਾ ਅਤੇ ਸ਼ਹਿਰ ਵੀ ਬਸਾ ਦਿੱਤਾ ਅਤੇ ਅਜਿਹਾ ਸ਼ਹਿਰ ਜੋ ਇਸਲਾਮ ਦਾ ਕੇਂਦਰ ਬਣਿਆ। ਸੋ, ਸਾਡਾ ਵੀ ਇਹ ਕੰਮ ਹੈ ਕਿ ਅਸੀਂ ਈਦੇ ਕੁਰਬਾਨ ਤੋਂ ਕੇਵਲ ਇਹ ਸਬਕ ਨ ਲੈਣ ਕਿ ਅਸੀਂ ਜਾਨਵਰ ਦੀ ਕੁਰਬਾਨੀ ਕਰਨੀ ਹੈ ਅਤੇ ਬਸ। ਅਸਲ ਚੀਜ਼ ਕੁਰਬਾਨੀ ਦੀ ਰੂਹ ਦੇ ਪਿੱਛੇ ਰੱਬ ਦੀ ਰਜ਼ਾ ਨੂੰ ਚਾਹੁਣਾ ਹੈ ਅਤੇ ਸੰਜਮਤਾ ਹੈ। ਜੋ ਸਾਡੀ ਹਰ ਕਿਸਮ ਦੀ ਕੁਰਬਾਨੀ ਵਿੱਚ ਕੰਮ ਆਏਗੀ।

ਹਜ਼ਰਤ ਇਬਰਾਹੀਮ ਅਲੈਹਿ ਸਲਾਮ ਨੇ ਜੱਦ ਆਪਣੇ ਸੁਪਨੇ ਦੇ ਆਧਾਰ ਉੱਤੇ ਹਜ਼ਰਤ ਇਸਮਾਈਲ ਅਲੈਹਿ ਸਲਾਮ ਨੂੰ ਇਹ ਕਿਹਾ ਕਿ ਮੈਂ ਤੈਨੂੰ ਸੁਪਨੇ ਵਿੱਚ ਜ਼ਿਬਹ ਕਰਦੇ ਹੋਏ ਵੇਖਿਆ ਹੈ, ਤੂੰ ਦੱਸ ਤੇਰੀ ਇਸ ਸੰਬੰਧੀ ਕੀ ਰਾਏ ਹੈ ਤਾਂ ਉਸ ਰੱਬ ਦੀ ਰਜ਼ਾ ਚਾਹੁਣ ਵਾਲੇ ਬੇਟੇ ਨੇ ਇਹ ਉੱਤਰ ਦਿੱਤਾ ਕਿ ਹੇ ਮੇਰੇ ਬਾਪ ! ਉਹੀ ਕਰ ਜੋ ਤੈਨੂੰ ਹੁਕਮ ਦਿੱਤਾ ਗਿਆ ਹੈ ਅਤੇ ਗਰਦਨ ਛੁਰੀ ਦੇ ਹੇਠਾਂ ਰੱਖ ਦਿੱਤੀ ਅਤੇ ਰੱਬ ਨੇ ਬਾਪ ਬੇਟੇ ਦੀ ਇਸ ਕੁਰਬਾਨੀ ਦੇ ਜਜ਼ਬੇ ਦੀ ਪ੍ਰਸ਼ੰਸ਼ਾ ਕਰਦੇ ਹੋਏ ਬਾਪ ਨੂੰ ਬੇਟੇ ਦੀ ਗਰਦਨ ਉੱਤੇ ਛੁਰਾ ਫੇਰਨ ਤੋਂ ਰੋਕ ਦਿੱਤਾ ਅਤੇ ਉਸ ਦੇ ਬਦਲੇ ਜਾਨਵਰ ਦੀ ਕੁਰਬਾਨੀ ਦਾ ਹੁਕਮ ਦਿੱਤਾ। ਸੋ, ਇਹ ਜਜ਼ਬਾ ਅਤੇ ਰੱਬ ਦੀ ਰਜ਼ਾ ਪ੍ਰਾਪਤ ਕਰਨ ਲਈ ਇਹ ਅਮਲੀ ਪ੍ਰਕਟਾਵਾ ਸੀ। ਜਿਸ ਨੂੰ ਰੱਬ ਨੇ ਕਬੂਲ ਕਰਦੇ ਹੋਏ। ਇਸ ਨੂੰ ਇਸਲਾਮੀ ਸਿੱਖਿਆ ਦੀ ਬੁਨਿਆਦ ਅਤੇ ਮਨਾਸਿਕੇ ਹੱਜ ਵਿੱਚ ਸ਼ਾਮਿਲ ਫ਼ਰਮਾਇਆ ਅਤੇ ਉਸ ਮਨੁੱਖੀ ਜਾਨ ਦੇ ਬਦਲੇ ਜਾਨਵਰ ਦੀ ਕੁਰਬਾਨੀ ਕੇਵਲ ਇੱਕ ਪ੍ਰਕਟਾਵੇ ਲਈ ਨਹੀਂ ਰੱਖੀ। ਸਗੋਂ ਜੱਦ ਮੁਸਲਮਾਨਾਂ ਨੂੰ ਹੱਜ ਦੇ ਦੌਰਾਨ ਜਾਂ ਈਦ ਉੱਤੇ ਵੀ ਕੁਰਬਾਨੀ ਦਾ ਹੁਕਮ ਦਿੱਤਾ ਤਾਂ ਨਾਲ ਇਹ ਸਪਸ਼ਟਤਾ ਵੀ ਦਿੱਤੀ ਕਿ ਇਹ ਕੁਰਬਾਨੀਆਂ ਉਸ ਸਮੇਂ ਕਬੂਲ ਹੁੰਦੀਆਂ ਹਨ। ਜੱਦ ਸੰਜਮਤਾ ਨੂੰ ਨਜ਼ਰ ਵਿੱਚ ਰੱਖ ਕੇ ਕੀਤੀਆਂ ਜਾਣ। ਰੱਬ ਦੀ ਰਜ਼ਾ ਨੂੰ ਪ੍ਰਾਪਤ ਕਰਨ ਲਈ ਕੀਤੀਆਂ ਜਾਣ।

ਸੋ, ਇਸ ਗੱਲ੍ਹ ਦਾ ਵਿਸਥਾਰ ਰੱਬ ਨੇ ਇਸ ਆਇਤ ਵਿੱਚ ਫਰਮਾ ਦਿੱਤਾ, ਜੋ ਮੈਂ ਤਿਲਾਵਤ ਕੀਤੀ ਹੈ। ਇਸ ਕੁਰਬਾਨੀ ਦਾ ਫਲਸਫਾ ਅਤੇ ਉਦੇਸ਼ ਬਿਆਨ ਫ਼ਰਮਾਉਂਦੇ ਹੋਏ ਇਸ ਆਇਤ ਦੀ ਰੋਸ਼ਨੀ ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : " ਰੱਬ ਨੇ ਇਸਲਾਮੀ ਸ਼ਰੀਅਤ ਵਿੱਚ ਬਹੁਤ ਸਾਰੇ ਜ਼ਰੂਰੀ ਆਦੇਸ਼ਾਂ ਲਈ ਨਮੂਨੇ ਕਾਯਮ ਕੀਤੇ ਹਨ। ਸੋ, ਮਨੁੱਖ ਨੂੰ ਇਹ ਆਦੇਸ਼ ਹੈ ਕਿ ਉਹ ਆਪਣੀ ਸਾਰੀ ਤਾਕਤ ਨਾਲ ਅਤੇ ਸਾਰੀ ਹਸਤੀ ਨਾਲ ਰੱਬ ਦੀ ਰਾਹ ਵਿੱਚ ਕੁਰਬਾਨ ਹੋਵੇ। ਸੋ, ਜਾਨਵਰ ਦੀ ਕੁਰਬਾਨੀ ਇਸੇ ਹਾਲਤ ਲਈ ਨਮੂਨਾ ਬਣਾਈ ਗਈ ਹੈ। ਪਰ ਅਸਲ ਉਦੇਸ਼ ਇਹੀ ਕੁਰਬਾਨੀ ਹੈ ਜਿਵੇਂ ਕਿ ਰੱਬ ਫ਼ਰਮਾਉਂਦਾ ਹੈ : " ਰੱਬ ਤੱਕ ਨ ਤੁਹਾਡਾ ਮਾਸ ਪੁੱਜਦਾ ਹੈ ਅਤੇ ਨ ਲਹੂ। ਪਰ ਤੁਹਾਡੇ ਮਨ ਦੀ ਸੰਜਮਤਾ ਪੁੱਜਦੀ ਹੈ।" ਅਰਥਾਤ ਉਸ ਤੋਂ ਇਨ੍ਹਾਂ ਡਰੋ ਕਿ ਜਿਵੇਂ ਉਸ ਦੀ ਰਾਹ ਵਿੱਚ ਮਰ ਹੀ ਜਾਉਗੇ। ਜਿਵੇਂ ਤੁਸੀਂ ਆਪਣੇ ਹੱਥਾਂ ਨਾਲ ਕੁਰਬਾਨੀ ਜ਼ਿਬਹ ਕਰਦੇ ਹੋ। ਉਸੇ ਪ੍ਰਕਾਰ ਤੁਸੀਂ ਵੀ ਰੱਬ ਦੀ ਰਾਹ ਵਿੱਚ ਜ਼ਿਬਹ ਹੋ ਜਾਓ। ਜੱਦ ਤੱਕ ਕੋਈ ਸੰਜਮਤਾ ਇਸ ਦਰਜੇ ਤੋਂ ਘੱਟ ਹੈ ਤਾਂ ਹਾਲੇ ਉਹ ਅਧੂਰੀ ਹੈ।

ਸੋ, ਇਹ ਸੰਜਮਤਾ ਹੈ ਅਤੇ ਇਹ ਸੋਚ ਹੈ, ਜੋ ਕੁਰਬਾਨੀ ਕਰਨ ਵਾਲੇ ਦੀ ਹੋਣੀ ਚਾਹੀਦੀ ਹੈ। ਨਹੀਂ ਤਾਂ ਜਾਨਵਰ ਦੀ ਕੁਰਬਾਨੀ ਕੋਈ ਚੀਜ਼ ਨਹੀਂ। ਦੁਆ ਕਰਦੇ ਰਹੋ ਕਿ ਰੱਬ ਈਦ ਦੀ ਕੁਰਬਾਨੀ ਦੀ ਵੀ ਸਾਨੂੰ ਤੌਫ਼ੀਕ ਬਖਸ਼ੇ ਅਤੇ ਸਾਡੇ ਅੰਦਰ ਉਹ ਸੰਜਮਤਾ ਪੈਦਾ ਕਰੇ। ਜੋ ਹਕੀਕੀ ਸੰਜਮਤਾ ਹੈ। ਜੋ ਰੱਬ ਸਾਡੇ ਤੋਂ ਚਾਹੁੰਦਾ ਹੈ। ਜਿਸ ਦੀ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੇ ਸਾਨੂੰ ਨਸੀਹਤ ਕੀਤੀ ਹੈ। ਜਿਸ ਨੂੰ ਆਪ ਸੱਲਲਾਹੁ ਅਲੈਹਿ ਵੱਸਲਮ ਦੀ ਕੁਵੱਤੇ ਕੁਦੱਸੀਆ ਅਤੇ ਸਿਖਲਾਈ ਦੇ ਨਤੀਜੇ ਵਿੱਚ ਸਹਾਬਾ ਰਿਜ਼ਵਾਨ-ਉੱਲ-ਅੱਲਾਹ ਅਲੈਹਿ ਅਜਮਈਨ ਨੇ ਧਾਰਨ ਕੀਤਾ ਅਤੇ ਆਪਣੀ ਜੀਵਨ ਦਾ ਹਿੱਸਾ ਬਣਾਈਆ। ਜਿਨ੍ਹਾਂ ਦਾ ਹਰ ਪਲ ਕੁਰਬਾਨੀਆਂ ਵਿੱਚ ਲੰਘਿਆ। ਜਿਨ੍ਹਾਂ ਦੇ ਨਮੂਨੇ ਸਾਡੇ ਲਈ ਮਾਰਗ ਦਰਸ਼ਨ ਹਨ ਅਤੇ ਫਿਰ ਇਸ ਜ਼ਮਾਨੇ ਵਿੱਚ ਉਸ ਨੂੰ ਨਵੇਂ ਸਿਰਿਓਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਰਾਹੀਂ ਰੱਬ ਨੇ ਸਥਾਪਿਤ ਕੀਤਾ ਅਤੇ ਆਪ ਅਲੈਹਿ ਸਲਾਮ ਨੇ ਵਾਰ ਵਾਰ ਸਾਨੂੰ ਸੰਜਮਤਾ ਦੀਆਂ ਰਾਹਾਂ ਉੱਤੇ ਤੁਰਨ ਦੀ ਨਸੀਹਤ ਕੀਤੀ।

ਇਸ ਗੱਲ੍ਹ ਦਾ ਵਿਸਥਾਰ ਫ਼ਰਮਾਉਂਦੇ ਹੋਏ ਕਿ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦੇ ਦੀਨ ਨੂੰ ਮਨੁੱਖ ਕੱਦ ਸਮਝ ਸਕਦਾ ਹੈ। ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : ਕੋਈ ਪਾਕ ਨਹੀਂ ਬਣ ਸਕਦਾ। ਜੱਦ ਤੱਕ ਰੱਬ ਨ ਬਣਾਏ। ਜੱਦ ਰੱਬ ਦੇ ਬੂਹੇ ਉੱਤੇ ਨਿਮਰਤਾ ਅਤੇ ਵਿਨਮ੍ਰਤਾ ਨਾਲ ਉਸ ਦੀ ਰੂਹ ਡਿੱਗੇਗੀ ਤਾਂ ਰੱਬ ਉਸ ਦੀ

ਦੁਆ ਕਬੂਲ ਕਰੇਗਾ ਅਤੇ ਉਹ ਸੰਜਮੀ ਬਣੇਗਾ ਅਤੇ ਉਦੋਂ ਉਹ ਇਸ ਯੋਗ ਹੋਵੇਗ ਕਿ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦੇ ਦੀਨ ਨੂੰ ਸਮਝ ਸਕੇ । ਇਸ ਤੋਂ ਬਿਨਾਂ ਜੋ ਕੁੱਝ ਉਹ ਦੀਨ ਦੀਨ ਕਰਕੇ ਪੁਕਾਰਦਾ ਹੈ ਅਤੇ ਇਬਾਦਤ ਆਦਿ ਕਰਦਾ ਹੈ । ਉਹ ਇੱਕ ਰਸਮੀ ਗੱਲ੍ਹ ਅਤੇ ਖਿਆਲ ਹਨ ਕਿ ਬਾਪ ਦਾਦੇ ਤੋਂ ਸੁਣ ਕੇ ਕਰਦਾ ਹੈ । ਇਹ ਨਿਮਰਤਾ ਅਤੇ ਵਿਨਮ੍ਰਤਾ ਨਾਲ ਰੱਬ ਦੇ ਹਜ਼ੂਰ ਰੂਹ ਦਾ ਡਿੱਗਣਾ ਹੀ ਸੀ । ਜਿਸ ਨੇ ਹਜ਼ਰਤ ਇਬਰਾਹੀਮ ਅਲੈਹਿ ਸਲਾਮ ਅਤੇ ਹਜ਼ਰਤ ਇਸਮਾਈਲ ਅਲੈਹਿ ਸਲਾਮ ਅਤੇ ਹਜ਼ਰਤ ਹਾਜਰਾ ਅਲੈਹਾ ਸਲਾਮ ਨੂੰ ਮਕਬੂਲੀਅਤ ਦਾ ਉਹ ਦਰਜਾ ਦਿੱਤਾ ਕਿ ਉਹਨਾਂ ਦੀ ਦੁਆਵਾਂ ਦੇ ਫ਼ਲ ਅਸੀਂ ਅੱਜ ਤੱਕ ਖਾ ਰਹੇ ਹਨ । ਉਹ ਦੁਆਵਾਂ ਹੀ ਸਨ । ਜਿਨ੍ਹਾਂ ਦੇ ਸਿੱਟੇ ਵਿੱਚ ਉਹ ਸਰਵੋਤਮ ਵਿਅਕਤੀ ਆਪ ਦੀ ਨਸਲ ਵਿੱਚ ਪੈਦਾ ਹੋਇਆ । ਜਿਸ ਨਾਲ ਜੁੜਨ ਅਤੇ ਉਸ ਦੀ ਪੈਰਵੀ ਕਰਨ ਨਾਲ ਰੱਬ ਮਿਲਦਾ ਹੈ ਅਤੇ ਦੁਆਵਾਂ ਕਬੂਲ ਹੁੰਦੀਆਂ ਹਨ । ਜੇਕਰ ਅਸੀਂ ਹਕੀਕਤ ਵਿੱਚ ਮਸੀਹ ਮੌਊਦ ਅਲੈਹਿ ਸਲਾਮ ਨੂੰ ਮੰਨਿਆ ਹੈ ਤਾਂ ਸਾਡਾ ਕੰਮ ਹੈ ਕਿ ਸੰਜਮਤਾ ਉੱਤੇ ਤੁਰਦੇ ਹੋਏ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦੇ ਦੀਨ ਦੀ ਸਮਝ ਪੈਦਾ ਕਰਨ ਅਤੇ ਫਿਰ ਵੇਖੋ ਰੱਬ ਕਿਵੇਂ ਸਾਡੀ ਦੁਆਵਾਂ ਸੁਣਦਾ ਹੈ ।

ਫਿਰ ਕੁਰਬਾਨੀ ਦੇ ਫਲਸਫੇ ਅਤੇ ਸੰਜਮਤਾ ਦੀ ਹਕੀਕਤ ਬਿਆਨ ਕਰਦੇ ਹੋਏ ਇੱਕ ਥਾਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : " ਸੱਚੇ ਲੋਕ ਰੂਹ ਅਤੇ ਰੂਹਾਨੀਅਤ ਅਨੁਸਾਰ ਰੱਬ ਵੱਲ੍ਹ ਚੁੱਕੇ ਜਾਂਦੇ ਹਨ । ਨ ਇਹ ਕਿ ਉਹਨਾਂ ਦਾ ਮਾਸ ਅਤੇ ਛਿੱਲੜ ਅਤੇ ਉਹਨਾਂ ਦੀਆਂ ਹੱਡੀਆਂ ਰੱਬ ਤੱਕ ਪਹੁੰਚਦੀਆਂ ਹਨ । ਸੋ, ਮੁੜ ਇਹ ਨਸੀਹਤ ਹੈ ਕਿ ਆਪਣੇ ਅਮਲਾਂ ਉੱਤੇ ਨਜ਼ਰ ਰੱਖੋ । ਨੇਕ ਅਮਲ ਹੀ ਉਹ ਸਰਮਾਇਆ ਹੈ । ਜੋ ਵਿਅਕਤੀ ਦੀਆਂ ਕੁਰਬਾਨੀਆਂ ਦੀ ਕਬੂਲੀਅਤ ਦਾ ਸਾਧਨ ਬਣਦਾ ਹੈ ਅਤੇ ਨੇਕ ਅਮਲ ਉਹ ਹਨ । ਜਿਨ੍ਹਾਂ ਵਿੱਚ ਰੱਬ ਦੇ ਹੱਕ ਵੀ ਅਦਾ ਹੋ ਰਹੇ ਹੋਣ ਅਤੇ ਉਸ ਦੇ ਬੰਦੀਆਂ ਦੇ ਹੱਕ ਵੀ ਅਦਾ ਹੋ ਰਹੇ ਹੋਣ ।"

ਫਿਰ ਹੋਰ ਵਿਸਥਾਰ ਬਿਆਨ ਕਰਦੇ ਹੋਏ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : " ਕੁਦਰਤ ਦਾ ਕਾਨੂੰਨ ਸ਼ੁਰੂ ਤੋਂ ਇਸੇ ਪ੍ਰਕਾਰ ਹੈ ਕਿ ਇਹ ਸਭ ਕੁੱਝ " ਅਰਥਾਤ ਸੰਜਮਤਾ ਦੀ ਸਮਝ ਅਤੇ ਉਸ ਦਾ ਫ਼ਲ " ਸੰਪੂਰਨ ਮੁਆਰਫ਼ਤ ਦੇ ਬਾਦ ਮਿਲਦਾ ਹੈ । ਖੌਫ਼ ਅਤੇ ਮੁਹੱਬਤ ਅਤੇ ਕਦਰਦਾਨੀ ਦੀ ਜੜ ਸੰਪੂਰਨ ਮੁਆਰਫ਼ਤ ਹੈ । ਸੋ, ਜਿਸ ਨੂੰ ਸੰਪੂਰਨ ਮੁਆਰਫ਼ਤ ਦਿੱਤੀ ਗਈ । ਉਸ ਨੂੰ ਖੌਫ਼ ਅਤੇ ਮੁਹੱਬਤ ਵੀ ਸੰਪੂਰਨ ਦਿੱਤੀ ਗਈ ਅਤੇ ਜਿਸ ਨੂੰ ਖੌਫ਼ ਅਤੇ ਮੁਹੱਬਤ ਸੰਪੂਰਨ ਦਿੱਤੀ ਗਈ । ਉਸ ਨੂੰ ਹਰ ਇੱਕ ਗੁਨਾਹ ਤੋਂ ਮੁਕਤੀ ਦਿੱਤੀ ਗਈ । ਕਿੰਨ੍ਹਾ ਖੁਸ਼-ਕਿਸਮਤ ਹੈ ਉਹ, ਜਿਸ ਨੂੰ ਰੱਬ ਦੀ ਮੁਆਰਫ਼ਤ ਦੀ ਸਮਝ ਪ੍ਰਾਪਤ ਹੋ ਜਾਵੇ ਅਤੇ ਇਹ ਕਿਵੇਂ ਪਤਾ ਲੱਗੇ ਕਿ ਇਹ ਮੁਆਰਫ਼ਤ ਪ੍ਰਾਪਤ ਹੋ ਗਈ ਹੈ ਅਤੇ ਰੱਬ ਦਾ ਖੌਫ਼ ਅਤੇ ਮੁਹੱਬਤ ਦਿਲ ਵਿੱਚ ਪੈਦਾ ਹੋ ਗਿਆ ਹੈ ਤਾਂ ਇਸ ਦੇ ਮਾਪਣ ਦਾ ਮਿਆਰ ਇਹ ਹੈ ਕਿ ਹਰ ਗੁਨਾਹ ਤੋਂ ਮਨੁੱਖ ਬਚੇ । ਜੇਕਰ ਮਨੁੱਖੀ ਤਕਾਦਿਆਂ ਅਨੁਸਾਰ ਕਦੇ ਕਮਜ਼ੋਰੀ ਪ੍ਰਕਟ ਹੋ ਜਾਵੇ ਤਾਂ ਛੇਤੀ ਨਾਲ ਅਸਤਗਫ਼ਾਰ ਕਰਕੇ ਰੱਬ ਵੱਲ੍ਹ ਲੋਟਣਾ ਚਾਹੀਦਾ ਹੈ । ਮੋਮਿਨ ਕਦੇ ਕੋਈ ਗਲਤੀ ਜਾਣ-ਬੁੱਝ ਕੇ ਨਹੀਂ ਕਰਦਾ । ਸਗੋਂ ਉਸ ਉੱਤੇ ਹਰ ਸਮੇਂ ਰੱਬ ਦੀ ਮੁਹੱਬਤ ਗਾਲਿਬ ਰਹਿੰਦੀ ਹੈ । ਸਹੀ ਈਮਾਨ ਤਾਂ ਇਹੀ ਹੈ । ਹਰ ਸਮੇਂ ਉਹ ਇਸ ਵਿਸ਼ਵਾਸ ਉੱਤੇ ਕਾਯਮ ਹੁੰਦਾ ਹੈ ਕਿ ਰੱਬ ਮੈਨੂੰ ਵੇਖ ਰਿਹਾ ਹੈ । ਮੇਰੇ ਦਿਲ ਦਾ ਹਾਲ ਵੀ ਰੱਬ ਜਾਣਦਾ ਹੈ ਅਤੇ ਮੇਰਾ ਕੋਈ ਅਮਲ ਅਜਿਹਾ ਅਮਲ ਨ ਹੋਵੇ । ਜੋ ਰੱਬ ਨੂੰ ਪਸੰਦ ਨ ਹੋਵੇ । ਆਪ ਅਲੈਹਿ ਸਲਾਮ ਨੇ ਫ਼ਰਮਾਇਆ : " ਜੱਦ ਇਹ ਹਾਲਤ ਹੋਵੇ ਤਾਂ ਇਹ ਹੀ ਉਹ ਅਸਲ ਇਸਲਾਮ ਹੈ । ਜਿਸ ਉੱਤੇ ਇੱਕ ਮੋਮਿਨ ਨੂੰ ਚੱਲਣਾ ਚਾਹੀਦਾ ਹੈ ਅਤੇ ਇਹ ਇਸਲਾਮ ਦੀ ਉਹ ਹਾਲਤ ਹੈ । ਜਿਸ ਦੇ ਹੇਠਾਂ ਮਨੁੱਖ ਆਪਣੀ ਗਰਦਨ ਕਟਵਾਉਣ ਲਈ ਤਿਆਰ ਹੋ ਜਾਂਦਾ ਹੈ । ਹਰ ਕੁਰਬਾਨੀ ਲਈ ਤਿਆਰ ਹੋ ਜਾਂਦਾ ਹੈ । ਅਰਥਾਤ ਰੱਬ ਦੀ ਰਜ਼ਾ ਦੀ ਪ੍ਰਾਪਤੀ ਉਦੇਸ਼ ਹੁੰਦਾ ਹੈ । ਹਰ ਕਥਨੀ ਅਤੇ ਕਰਨੀ ਰੱਬ ਨੂੰ ਰਾਜ਼ੀ ਕਰਨ ਲਈ ਹੁੰਦੀ ਹੈ । ਜੱਦ ਇਹ ਹਾਲਤ ਹੋਵੇ ਤਾਂ ਇਹ ਹਕੀਕੀ ਇਸਮਾਈਲੀ ਕੁਰਬਾਨੀ ਦਾ ਨਮੂਨਾ ਹੈ । ਸੋ, ਇਹ ਈਦ ਸਾਨੂੰ ਉਸ ਸੰਪੂਰਨ

ਮੁਹੱਬਤ ਅਤੇ ਸੰਪੂਰਨ ਇਸ਼ਕ ਦਾ ਸਬਕ ਦੇਣ ਲਈ ਹੈ। ਕੇਵਲ ਜਾਨਵਰਾਂ ਦੀ ਕੁਰਬਾਨੀ ਕਰਕੇ ਉਹਨਾਂ ਦੇ ਮਾਸ ਖਾਣ ਵਿੱਚ ਨਹੀਂ ਹੈ। ਅੱਜ ਜੇਕਰ ਅਸੀਂ ਇਸ ਮੁਆਰਫ਼ਤ ਦੇ ਨੁਕਤੇ ਨੂੰ ਸਮਝ ਜਾਣ ਤਾਂ ਦੁਆ ਦੇ ਕਬੂਲ ਹੋਣ ਦੇ ਸ਼ਾਨਦਾਰ ਨਿਸ਼ਾਨ ਵੀ ਵੇਖਣ ਵਾਲੇ ਹੋਣਗੇ। ਜਿੱਤਾਂ ਦੇ ਨਜ਼ਾਰੇ ਅਸੀਂ ਆਪਣੀ ਜਿੰਦਗੀ ਵਿੱਚ ਵੇਖਣ ਵਾਲੇ ਹੋਣਗੇ।

ਸੰਪੂਰਨ ਸੰਜਮਤਾ ਪੈਦਾ ਕਰਨ ਦੇ ਨਾਲ ਈਦ-ਉੱਲ-ਅਜ਼ਹਿਆ ਉੱਤੇ ਜੋ ਜਾਨਵਰਾਂ ਦੀ ਕੁਰਬਾਨੀ ਹੁੰਦੀ ਹੈ। ਮਾਲਦਾਰ ਲੋਕਾਂ ਨੂੰ ਵੀ ਉਹ ਕਰਨੀ ਚਾਹੀਦੀ ਹੈ। ਇਹ ਜਾਨਵਰਾਂ ਦੀ ਕੁਰਬਾਨੀ ਵੀ ਸੁੰਨਤ ਹੈ। ਇਬਰਾਹੀਮੀ ਸੁੰਨਤ ਨੂੰ ਇਸਲਾਮ ਨੇ ਖਾਸ ਤੌਰ ਉੱਤੇ ਜਾਰੀ ਕੀਤਾ ਹੈ ਅਤੇ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੇ ਸਦਾ ਇਹ ਕੁਰਬਾਨੀ ਕੀਤੀ। ਸਗੋਂ ਉੱਮਤ ਦੇ ਗਰੀਬ ਲੋਕਾਂ ਵਲੋਂ ਵੀ ਆਪ ਸੱਲਲਾਹੁ ਅਲੈਹਿ ਵੱਸਲਮ ਇਹ ਕੁਰਬਾਨੀ ਕਰਦੇ ਸਨ। ਸੋ, ਇਹ ਕੁਰਬਾਨੀ ਵੀ ਬੰਦੀਆਂ ਦੇ ਹੱਕ ਅਦਾ ਕਰਨ ਦਾ ਇੱਕ ਸਾਧਨ ਹੈ ਅਤੇ ਇਸ ਨਾਲ ਵੀ ਰੱਬ ਦੀ ਮੁਹੱਬਤ ਵੱਧਦੀ ਹੈ। ਕਿਉਂਕਿ ਰੱਬ ਦੀ ਮੱਖਲੂਕ ਦੀ ਸੇਵਾ ਰੱਬ ਦੀ ਮੁਹੱਬਤ ਲਈ ਮਨੁੱਖ ਕਰ ਰਿਹਾ ਹੁੰਦਾ ਹੈ। ਸੋ, ਇਹ ਹਿਕਮਤ ਜਾਨਵਰਾਂ ਦੀ ਕੁਰਬਾਨੀ ਅਤੇ ਪ੍ਰਕਟ ਅਮਲ ਦੀ ਹੈ ਕਿ ਸ਼ਰੀਰ ਦੀ ਪ੍ਰਕਟ ਹਰਕਤ ਅਤੇ ਅਮਲ ਦਾ ਪ੍ਰਭਾਵ ਰੂਹ ਉੱਤੇ ਵੀ ਪੈਂਦਾ ਹੈ

ਅਮੀਰ ਲੋਕ ਜਿੱਥੇ ਈਦ ਦੀ ਕੁਰਬਾਨੀ ਉੱਤੇ ਲੱਖਾਂ ਖਰਚ ਕਰਦੇ ਹਨ। ਉੱਥੇ ਗਰੀਬਾਂ ਨੂੰ ਉਹਨਾਂ ਦੀਆਂ ਲੋੜਾਂ ਲਈ ਵੀ ਕੁੱਝ ਦੇਣ ਅਤੇ ਉਨ੍ਹਾਂ ਦੀਆਂ ਲੋੜਾਂ ਪੂਰੀਆਂ ਕਰਨ। ਰੱਬ ਸਾਨੂੰ ਆਪਣੇ ਅੰਦਰ ਸੰਜਮਤਾ ਪੈਦਾ ਕਰਦੇ ਹੋਏ ਆਪਣੀ ਹਾਲਤਾਂ ਨੂੰ ਰੱਬ ਦੀ ਰਜ਼ਾ ਅਨੁਸਾਰ ਢਾਲਣ ਦੀ ਤੌਫ਼ੀਕ ਬਖਸ਼ੇ। ਅਸੀਂ ਸੰਪੂਰਨ ਉਸੇ ਦੇ ਹੋ ਜਾਈਏ ਅਤੇ ਰੱਬ ਜਲਦ ਸਾਡੇ ਲਈ ਵਿਰੋਧੀਆਂ ਤੋਂ ਮੁਕਤੀ ਦੇ ਸਮਾਨ ਪੈਦਾ ਕਰੇ ਅਤੇ ਸਾਡੀਆਂ ਕੁਰਬਾਨੀਆਂ ਨੂੰ ਕਬੂਲ ਕਰੇ। ਜਿਨ੍ਹਾਂ ਨੂੰ ਕਿਸੇ ਕਾਰਨ ਤੌਫ਼ੀਕ ਨਹੀਂ ਮਿਲੀ। ਰੱਬ ਉਹਨਾਂ ਦੀਆਂ ਨਿਯਤਾਂ ਅਨੁਸਾਰ ਉਹਨਾਂ ਨੂੰ ਪੁੰਨ ਦੇਵੇ। ਮੁਸਲਮਾਨਾਂ ਨੂੰ ਅਕਲ ਅਤੇ ਸਮਝ ਦੇਵੇ ਕਿ ਉਹ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦੇ ਆਦੇਸ਼ ਨੂੰ ਸਮਝਦੇ ਹੋਏ। ਆਪ ਸੱਲਲਾਹੁ ਅਲੈਹਿ ਵੱਸਲਮ ਦੇ ਗੁਲਾਮੀ ਵਿੱਚ ਆਏ ਹੋਏ ਮਸੀਹ ਮੌਊਦ ਅਤੇ ਮਹਦੀ ਮਾਹੂਦ ਨੂੰ ਮੰਨਨ ਵਾਲੇ ਹੋਣ।

ਰੱਬ ਦੀ ਰਾਹ ਵਿੱਚ ਕੈਦ ਕੱਟਣ ਵਾਲੇ, ਕੇਵਲ ਰੱਬ ਲਈ ਮੁਸ਼ਕਿਲਾਂ ਬਰਦਾਸ਼ਤ ਕਰ ਰਹੇ ਹਨ। ਉਹਨਾਂ ਦੀਆਂ ਕੁਰਬਾਨੀਆਂ ਵੀ ਰੱਬ ਕਬੂਲ ਕਰੇ ਅਤੇ ਜਲਦ ਉਹਨਾਂ ਦੀ ਆਜ਼ਾਦੀ ਦੇ ਸਮਾਨ ਵੀ ਪੈਦਾ ਕਰੇ। ਸ਼ਹੀਦਾਂ ਦੇ ਪਰਿਵਾਰਾਂ ਨੂੰ ਆਪਣੀ ਹਿਫਾਜ਼ਤ ਵਿੱਚ ਰੱਖੇ। ਰੱਬ ਦੇ ਹੋਰ ਨੇੜੇ ਹੋਣ ਦੀ ਤੌਫ਼ੀਕ ਬਖਸ਼ੇ। ਸੰਸਾਰ ਵਿੱਚ ਫ਼ਸਾਦ ਅਤੇ ਜੰਗਾਂ ਦੇ ਅੰਤ ਲਈ ਵੀ ਦੁਆ ਕਰੋ। ਪਾਕਿਸਤਾਨ ਵਿੱਚ ਅਹਮਦੀਆਂ ਲਈ ਖਾਸ ਤੌਰ ਉੱਤੇ ਇਹ ਦੁਆ ਕਰੋ, ਰੱਬ ਉਹਨਾਂ ਦੇ ਮਾਲ, ਜਾਣ ਅਤੇ ਜਜ਼ਬਾਤੀ ਕੁਰਬਾਨੀ ਕਬੂਲ ਕਰੇ। ਬਰਕੀਨ ਫਾਸੂ, ਬੰਗਲਾਦੇਸ਼, ਅਲ-ਜਜ਼ਾਇਰ ਅਤੇ ਸਮੂਹ ਸੰਸਾਰ ਦੇ ਅਹਮਦੀਆਂ ਲਈ ਦੁਆ ਕਰੋ। ਰੱਬ ਉਹਨਾਂ ਸਾਰੀਆਂ ਨੂੰ ਆਪਣੀ ਕਿਰਪਾ ਅਤੇ ਰਹਿਮਤ ਦੀ ਚਾਦਰ ਅੰਦਰ ਰੱਖੇ ਅਤੇ ਸਾਰੇ ਅਹਮਦੀ ਹਜ਼ਰਤ ਮੁਹੱਮਦ ਸੱਲਲਾਹੁ ਅਲੈਹਿ ਵੱਸਲਮ ਦਾ ਝੰਡਾ ਸੰਸਾਰ ਵਿੱਚ ਲਹਿਰਾਉਣ ਅਤੇ ਤੌਹੀਦ ਦੇ ਫੈਲਾਉਣ ਲਈ ਸਦਾ ਆਪਣੇ ਅਹਦ ਨੂੰ ਪੂਰਾ ਕਰਦੇ ਹੋਏ ਹਰ ਕੁਰਬਾਨੀ ਲਈ ਤਿਆਰ ਰਹਿਣ। ਰੱਬ ਸਾਨੂੰ ਸਭ ਨੂੰ ਇਸ ਦੀ ਤੌਫ਼ੀਕ ਬਖਸ਼ੇ।

ਖੁਤਬਾ ਸਾਨੀਆ ਅਤੇ ਦੁਆ ਦੇ ਬਾਦ ਹਜ਼ੂਰੇ ਅਨਵਰ ਨੇ ਫ਼ਰਮਾਇਆ : ਆਪ ਸਭ ਨੂੰ ਵੀ ਈਦ ਮੁਬਾਰਕ ਅਤੇ ਦੁਨੀਆਂ ਦੇ ਅਹਮਦੀਆਂ ਨੂੰ, ਸਭ ਨੂੰ ਈਦ ਮੁਬਾਰਕ।

اَلْحَمْدُ لِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّآ اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ رَحِمَکُمُ اللّٰہُ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔